BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਨਵੀਂ ਇੰਟੀਗ੍ਰਿਟੀ ਕਮਿਸ਼ਨਰ ਅਤੇ ਲੌਬੀਇਸਟ ਰਜਿਸਟਰਾਰ ਦੀ ਨਿਯੁਕਤੀ ਕੀਤੀ

ਬ੍ਰੈਂਪਟਨ, ਓਨਟੈਰੀਓ (10 ਜੁਲਾਈ, 2019) – ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਇੰਟੀਗ੍ਰਿਟੀ ਕਮਿਸ਼ਨਰ ਅਤੇ ਲੌਬੀਇਸਟ ਰਜਿਸਟਰਾਰ (Integrity Commissioner and Lobbyist Registrar) ਦੇ ਸੰਯੁਕਤ ਅਹੁਦੇ ਲਈ ਲੈਵਿਟ ਐਲ.ਐਲ.ਪੀ. (Levitt LLP) ਦੀ ਮੁਨੀਜ਼ਾ ਸ਼ੇਖ (Muneeza Sheikh) ਦੀ ਨਿਯੁਕਤੀ ਕੀਤੀ, ਜਿਹਨਾਂ ਦਾ ਕਾਰਜਕਾਲ 11 ਜੁਲਾਈ ਤੋਂ ਸ਼ੁਰੂ ਹੁੰਦਾ ਹੈ।

ਮੁਨੀਜ਼ਾ, ਸੁਜ਼ੈਨ ਕ੍ਰੇਗ (Suzanne Craig) ਦੀ ਜਗ੍ਹਾ ਲਵੇਗੀ, ਜੋ ਅੰਤਰਿਮ ਇੰਟੀਗ੍ਰਿਟੀ ਕਮਿਸ਼ਨਰ ਦੇ ਤੌਰ ਤੇ ਕੰਮ ਕਰ ਰਹੀ ਸੀ।

ਇੰਟੀਗ੍ਰਿਟੀ ਕਮਿਸ਼ਨਰ ਦੇ ਤੌਰ ਤੇ, ਮੁਨੀਜ਼ਾ ਸਿਟੀ ਦੇ ਕਿਸੇ ਵੀ ਉਪ-ਨਿਯਮਾਂ, ਪ੍ਰਕਿਰਿਆਵਾਂ, ਨਿਯਮਾਂ ਅਤੇ ਮੇਅਰ ਅਤੇ ਕਾਉਂਸਲਰਾਂ ਦੇ ਨੈਤਿਕ ਵਿਵਹਾਰ ਨੂੰ ਨਿਯੰਤਰਿਤ ਕਰਨ ਵਾਲੀਆਂ ਨੀਤੀਆਂ ਦੇ ਨਾਲ-ਨਾਲ, ਕਾਉਂਸਿਲ ਦੀ ਆਚਰਨ ਸੰਹਿਤਾ (Council Code of Conduct) ਦੇ ਇਸਤੇਮਾਲ ਦੀ ਨਿਗਰਾਨੀ ਕਰੇਗੀ।

ਲੌਬੀਇਸਟ ਰਜਿਸਟਰਾਰ ਦੀ ਆਪਣੀ ਭੂਮਿਕਾ ਵਿੱਚ, ਉਹ ਸਿਟੀ ਦੀਆਂ ਲੌਬੀਇਸਟ ਅਤੇ ਗਿਫਟ ਰਜਿਸਟਰੀਜ (Lobbyist and Gift Registries) ਦੇ ਨਾਲ-ਨਾਲ, ਲੌਬੀਇਸਟ ਆਚਰਨ ਸੰਹਿਤਾ ਨੂੰ ਲਾਗੂ ਕਰੇਗੀ। ਜੇਕਰ ਲੌਬੀ ਸਬੰਧੀ ਕੋਈ ਗਤੀਵਿਧੀ ਦਾ ਪ੍ਰਗਟਾਵਾ ਕੀਤਾ ਗਿਆ ਹੋਵੇ ਜਾਂ ਜੇਕਰ ਕਿਸੇ ਵਿਅਕਤੀ ਨੇ ਲੌਬੀਇਸਟ ਆਚਰਨ ਸੰਹਿਤਾ ਨੂੰ ਭੰਗ ਕੀਤਾ ਹੋਵੇ, ਤਾਂ ਲੌਬੀਇਸਟ ਰਜਿਸਟਰਾਰ ਨੂੰ ਸ਼ਿਕਾਇਤਾਂ ਦੀ ਜਾਂਚ ਕਰਨ ਅਤੇ ਦੰਡ ਲਾਗੂ ਕਰਨ ਦਾ ਅਧਿਕਾਰ ਹੁੰਦਾ ਹੈ।

ਦੋਵਾਂ ਭੂਮਿਕਾਵਾਂ ਲਈ, ਉਹ ਸ਼ਿਕਾਇਤਾਂ, ਜਾਂਚਾਂ ਅਤੇ ਸਲਾਹ ਦਾ ਸਾਰ ਦੇਣ ਵਾਲੀਆਂ ਰਿਪੋਰਟਾਂ ਤਿਆਰ ਕਰੇਗੀ। ਨਾਲ ਹੀ, ਉਹ ਸਿਟੀ ਦੀ ਜਵਾਬਦੇਹੀ ਪ੍ਰਕਿਰਿਆ ਵਿੱਚ ਕਿਸੇ ਵੀ ਸੋਧਾਂ ਦੀਆਂ ਸਿਫ਼ਾਰਿਸ਼ਾਂ ਵੀ ਕਰੇਗੀ।

**ਮੁਨੀਜ਼ਾ ਬਾਰੇ**

ਮੁਨੀਜ਼ਾ ਜੀ.ਟੀ.ਏ. (GTA) ਵਿੱਚ ਮਜ਼ਦੂਰ ਅਤੇ ਰੋਜ਼ਗਾਰ ਕਨੂੰਨ ਵਿੱਚ ਮੁਹਾਰਤ ਵਾਲੀ ਲੈਵਿਟ ਐਲ.ਐਲ.ਪੀ. ਦੀ ਸੀਨੀਅਰ ਸਾਂਝੇਦਾਰ ਹੈ। ਵੱਡੇ ਕਾਰਪੋਰੇਸ਼ਨਾਂ ਦੇ ਨਾਲ ਕੰਮ ਕਰਦੇ ਹੋਏ, ਮੁਨੀਜ਼ਾ ਕਾਫੀ ਮਾਹਰ ਹੈ। ਉਹਨਾਂ ਨੇ ਕਾਰਜ ਸਥਾਨ ਵਿੱਚ ਵੰਨ-ਸੁਵੰਨਤਾ ਦੀ ਸ਼ਮੂਲੀਅਤ ਦੇ ਮਹੱਤਵ ਤੇ ਕਈ ਵਰਕਸ਼ਾਪਾਂ ਵੀ ਆਯੋਜਿਤ ਕੀਤੀਆਂ ਹਨ। ਆਪਣੀ ਚਿੰਤਨਸ਼ੀਲ ਲੀਡਰਸ਼ਿਪ ਲਈ ਪ੍ਰਸਿੱਧ ਮੁਨੀਜ਼ਾ, ਕੈਰੋਲ ਮੈਕਨੀਲ (Carole MacNeil) ਦੇ ਨਾਲ ਸੀ.ਬੀ.ਸੀ. (CBC) ਪੈਨਲ ਸਮੇਤ, ਨਿਯਮਿਤ ਰੂਪ ਨਾਲ ਪ੍ਰਮੁੱਖ ਕੈਨੇਡਿਅਨ ਪ੍ਰਸਾਰਨ ਮੀਡੀਆ ਵਿੱਚ ਪੇਸ਼ ਹੁੰਦੀ ਰਹਿੰਦੀ ਹੈ।

ਆਪਣੇ ਵਾਧੂ ਸਮੇਂ ਵਿੱਚ, ਉਹ ਲੋਕਤੰਤਰੀ ਪ੍ਰਕਿਰਿਆ ਵਿੱਚ ਮੁਸਲਿਮ ਕੈਨੇਡਾਵਾਸੀਆਂ (Muslim Canadians) ਦੀ ਸ਼ਮੂਲੀਅਤ ਨੂੰ ਵਧਾਉਂਦੇ ਹੋਏ, ਡਾਇਰੈਕਟਰ ਆਫ ਕਮਿਉਨਿਕੇਸ਼ਨਸ ਫਾਰ ਕੈਨੇਡਿਅਨ ਮੁਸਲਿਮ ਵੋਟ (Director of Communications for Canadian Muslim Vote) ਹੈ।

**ਹਵਾਲਾ**

"ਬ੍ਰੈਂਪਟਨ ਦੀ ਨਵੀਂ ਇੰਟੀਗ੍ਰਿਟੀ ਕਮਿਸ਼ਨਰ ਨਾ ਸਿਰਫ਼ ਇੱਕ ਪ੍ਰਮੁੱਖ ਕਨੂੰਨੀ ਮਾਹਰ ਅਤੇ ਲੋਕਤੰਤਰੀ ਪ੍ਰਕਿਰਿਆ ਦੀ ਐਡਵੋਕੇਟ ਹੈ, ਬਲਕਿ ਉਹ ਬ੍ਰੈਂਪਟਨ ਦੀ ਵੰਨ-ਸੁਵੰਨਤਾ ਦੇ ਮੋਜ਼ੈਕ ਦੀ ਨੁਮਾਇੰਦਗੀ ਵੀ ਕਰਦੀ ਹੈ। ਉਹ ਪਹਿਲੀ ਮੁਸਲਿਮ ਮਹਿਲਾ ਹੈ, ਜਿਹਨਾਂ ਨੂੰ ਬ੍ਰੈਂਪਟਨ ਦੇ ਇਤਿਹਾਸ ਵਿੱਚ ਇੰਟੀਗ੍ਰਿਟੀ ਕਮਿਸ਼ਨਰ

ਦੇ ਤੌਰ ਤੇ ਪੂਰੇ ਕਾਂਟਰੈਕਟ ਤੇ ਨਿਯੁਕਤ ਕੀਤਾ ਗਿਆ ਹੈ। ਉਹਨਾਂ ਦੀ ਲੀਡਰਸ਼ਿਪ ਵੱਲੋਂ ਸਮਰਥਿਤ ਇਹ ਕਾਉਂਸਿਲ, ਪਾਰਦਰਸ਼ਕਤਾ ਅਤੇ ਸਰਕਾਰੀ ਉੱਤਮਤਾ ਲਈ ਵਚਨਬੱਧ ਹੈ, ਜੋ ਬ੍ਰੈਂਪਟਨ ਲਈ ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੋਣ ਵਾਸਤੇ ਬੁਨਿਆਦੀ ਲੋੜਾਂ ਹਨ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca